# ਨੈਸ਼ਨਲ ਅਚੀਵਮੈਂਟ ਸਰਵੇ ਸੈਂਪਲ ਪੇਪਰ - 1
## ਜਮਾਤ -8ਵੀਂ (ਸਮਾਜਿਕ ਵਿਗਿਆਨ)

1. ਆਰਵ ਪਹਿਲੀ ਵਾਰੀ ਆਪਣੇ ਪਿਤਾ ਜੀ ਨਾਲ ਮੰਡੀ ਵਿੱਚ ਆੜ੍ਹਤ ਦੀ ਦੁਕਾਨ ਤੇ ਗਿਆ। ਉਸ ਨੇ ਉੱਥੇ ਦੇਖਿਆ ਕਿ ਉਹ ਦੁਕਾਨਦਾਰ ਚਾਵਲ, ਕਣਕ, ਮੱਕੀ, ਜ਼ਵਾਰ ਅਤੇ ਬਾਜਰਾ ਖਰੀਦ ਰਿਹਾ ਸੀ। ਆਰਵ ਨੇ ਆਪਣੇ ਪਿਤਾ ਜੀ ਤੋਂ ਪੁੱਛਿਆ ਕਿ ਇਹ ਕਿਸ ਕਿਸਮ ਦੀਆਂ ਫਸਲਾਂ ਹਨ? ਉਸ ਦੇ ਪਿਤਾ ਜੀ ਦਾ ਕੀ ਜੁਆਬ ਹੋਵੇਗਾ?

1. ਰੇਸ਼ੇਦਾਰ ਫਸਲਾਂ
2. ਅਨਾਜ ਫਸਲਾਂ
3. ਪੇਅ ਫਸਲਾਂ
4. ਸਬਜ਼ੀਆਂ ਅਤੇ ਫਲਦਾਰ ਫਸਲਾਂ

2. ਜਿਵੇਂ ਕਿ ਤੁਸੀ ਜਾਣਦੇ ਹੋ ਕਿ 17ਵੀਂ ਸਦੀ ਤਕ ਭਾਰਤ ਵਿੱਚ ਪੁਰਤਗਾਲੀਆਂ ਅਤੇ ਡੱਚਾਂ ਦਾ ਪ੍ਰਭਾਵ ਘੱਟ ਹੋ ਗਿਆ ਸੀ। ਭਾਰਤ ਵਿੱਚ ਉਸ ਸਮੇਂ ਚੱਲ ਰਹੇ ਯੂਰਪੀ ਵਪਾਰ ਨੂੰ ਪ੍ਰਾਪਤ ਕਰਨ ਲਈ ਦੋ ਵੱਡੀਆਂ ਸ਼ਕਤੀਆਂ ਵਿੱਚਕਾਰ ਸੰਘਰਸ਼ ਸ਼ੁਰੂ ਹੋ ਗਿਆ ਸੀ। ਇਹ ਸੰਘਰਸ਼ ਕਿਹੜੀਆਂ ਦੋ ਸ਼ਕਤੀਆਂ ਵਿਚਕਾਰ ਹੋਇਆ ਅਤੇ ਇਸ ਵਿੱਚ ਕੌਣ ਜੇਤੂ ਰਿਹਾ?

| ਵਿਕਲਪ | ਪਹਿਲੀ ਸ਼ਕਤੀ | ਦੂਸਰੀ ਸ਼ਕਤੀ | ਜੇਤੂ |
|---|---|---|---|
| 1 | ਅੰਗਰੇਜ਼ | ਫਰਾਂਸੀਸੀ | ਅੰਗਰੇਜ਼ |
| 2 | ਅੰਗਰੇਜ਼ | ਫਰਾਂਸੀਸੀ | ਫਰਾਂਸੀਸੀ |
| 3 | ਡੱਚ | ਅੰਗਰੇਜ਼ | ਡੱਚ |
| 4 | ਪੁਰਤਗਾਲੀ | ਡੱਚ | ਪਰਤਗਾਲੀ |

3. ਰਾਮ ਕੁਮਾਰ ਦੀ ਕੰਪਿਊਟਰ ਦੀ ਦੁਕਾਨ ਵਿੱਚ ਰਾਤ ਨੂੰ ਕੰਪਿਊਟਰ ਚੋਰੀ ਹੋ ਗਏ। ਉਹ ਇਸਦੀ ਰਿਪੋਰਟ ਨਜ਼ਦੀਕੀ ਪੁਲਿਸ ਥਾਣੇ ਵਿੱਚ ਦਰਜ ਕਰਵਾਉਣ ਲਈ ਜਾਂਦਾ ਹੈ। ਇਸ ਰਿਪੋਰਟ ਨੂੰ ਕੀ ਕਿਹਾ ਜਾਵੇਗਾ?

1. ਸੀ.ਆਈ.ਡੀ.
2. ਅਰਜੀ
3. ਐਫ.ਆਈ.ਆਰ.
4. ਐਮ.ਆਈ.ਐਸ.

4. ਰਾਮ ਲਾਲ ਦੇ ਘਰ ਦੀ ਘੰਟੀ ਵੱਜੀ। ਰਾਮ ਲਾਲ ਅਤੇ ਉਸ ਦਾ ਪੁੱਤਰ ਸੰਨੀ ਦੋਵੇਂ ਦਰਵਾਜ਼ਾ ਖੋਲ੍ਹਣ ਗਏ। ਗੇਟ ਉੱਪਰ ਲੋਕ ਸਭਾ ਚੋਣ ਉਮੀਦਵਾਰ ਦੇਵ ਕੁਮਾਰ ਖੜ੍ਹੇ ਸਨ। ਦੇਵ ਕੁਮਾਰ ਕਹਿਣ ਲੱਗੇ, "ਵੋਟ ਮੈਨੂੰ ਹੀ ਦੇਣਾ ਕਿਉਂਕਿ ਆਪਾਂ ਤਾਂ ਬਿਰਾਦਰੀ ਭਰਾ ਹਾਂ"। ਅੰਦਰ ਆ ਕੇ ਸੰਨੀ ਪਾਪਾ ਨੂੰ ਕਹਿੰਦਾ ਕਿ ਆਪਾਂ ਇਸ ਨੂੰ ਵੋਟ ਨਹੀਂ ਦੇਣੀ ਕਿਉਂਕਿ ਉਹ ...................... ਆਧਾਰ ਤੇ ਵੋਟ ਮੰਗ ਰਿਹਾ ਹੈ।

1. ਛੂਤਛਾਤ
2. ਧਰਮ
3. ਭਾਸ਼ਾ
4. ਜਾਤੀ

5. ਹੇਠ ਲਿਖਿਆਂ ਵਿਚੋਂ ਕਿਹੜੀ ਕੁਦਰਤੀ ਆਫਤ ਨਹੀਂ ਹੈ?

1. ਯੁੱਧ
2. ਭੁਚਾਲ
3. ਜਵਾਲਾਮੁਖੀ
4. ਸੁਨਾਮੀ

6. 19ਵੀਂ ਸਦੀ ਵਿੱਚ ਸ਼ਹਿਰਾਂ ਅਤੇ ਪਿੰਡਾਂ ਵਿੱਚ ਲਘੂ ਉਦਯੋਗਾਂ ਦਾ ਪਤਨ ਹੋਣ ਦਾ ਕੀ ਕਾਰਣ ਸੀ?

1) ਦੇਸੀ ਰਿਆਸਤਾਂ ਦੀ ਸਮਾਪਤੀ
2) ਮਸ਼ੀਨੀ ਵਸਤਾਂ ਦੀ ਸਫ਼ਾਈ ਵੱਧ ਹੋਣਾ
3) ਵਿਕਲਪ 1 ਅਤੇ 2 ਠੀਕ ਹੈ
4) ਉਪਰੋਕਤ ਵਿੱਚੋਂ ਕੋਈ ਨਹੀਂ

7. ਲੋਕ ਅਦਾਲਤਾਂ ਦੇ ਫ਼ੈਸਲੇ ਵਿਰੁੱਧ ਕਿਹੜੀ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ?

1) ਉੱਚ ਅਦਾਲਤ
2) ਸਰਵਉੱਚ ਅਦਾਲਤ
3) ਜ਼ਿਲ੍ਹਾ ਅਦਾਲਤ
4) ਕਿਸੇ ਵੀ ਅਦਾਲਤ ਵਿੱਚ ਨਹੀਂ

8. ਮੰਨ ਲਉ ਤੁਹਾਡੇ ਮਾਤਾ ਜੀ ਕੱਪੜੇ ਪ੍ਰੈਸ ਕਰ ਰਹੇ ਹਨ। ਅਚਾਨਕ ਪ੍ਰੈਸ ਵਿੱਚ ਕਰੰਟ ਆ ਜਾਂਦਾ ਹੈ। ਇਹੋ ਜਿਹੀ ਸਥਿਤੀ ਵਿੱਚ ਤੁਸੀਂ ਸਭ ਤੋ ਪਹਿਲਾਂ ਕੀ ਕਰੋਗੇ?

1) ਪ੍ਰੈਸ ਦੀ ਤਾਰ ਨੂੰ ਕੈਂਚੀ ਨਾਲ ਕੱਟ ਦੇਵਾਂਗੇ।
2) ਮਾਤਾ ਜੀ ਨੂੰ ਪਕੜ ਕੇ ਖਿੱਚਾਂਗੇ।
3) ਮੇਨ ਸਵਿਚ/ ਪ੍ਰੈਸ ਦਾ ਸਵਿਚ ਬੰਦ ਕਰ ਦੇਵਾਂਗੇ।
4) ਬਿਜਲੀ ਘਰ ਫ਼ੋਨ ਕਰਾਂਗੇ

9. ਹੇਠ ਦਰਸਾਏ ਸਥਾਨ ਬਾਰੇ ਸਹੀ ਜਾਣਕਾਰੀ ਚੁਣੋ।



| ਵਿਕਲਪ | ਸਥਾਨ ਦਾ ਨਾਂ | ਰਾਜ | ਉਤਪਾਦਨ |
|---|---|---|---|
| 1 | ਚੇਨੱਈ | ਤਾਮਿਲਨਾਡੂ | ਮੱਛੀ ਪਾਲਨ |
| 2 | ਵਿਸ਼ਾਖਾਪਟਨਮ | ਆਂਧਰਾ ਪ੍ਰਦੇਸ਼ | ਸਮੁੰਦਰੀ ਜਹਾਜ |
| 3 | ਮੁੰਬਈ | ਮਹਾਰਾਸ਼ਟਰ | ਸਿਨੇਮਾ |
| 4 | ਕੋਲਾਰ | ਕਰਨਾਟਕ | ਸੋਨਾ |

10. ਹੇਠਾਂ ਦਿੱਤੀ ਤਸਵੀਰ ਵਿੱਚ ਕੀ ਹੋ ਰਿਹਾ ਹੈ?



1) ਕਪਾਹ ਚੁਗੀ ਜਾ ਰਹੀ ਹੈ।
2) ਚਾਹ ਚੁਗੀ ਜਾ ਰਹੀ ਹੈ।
3) ਦਾਲਾਂ ਚੁਗ ਰਹੀ ਹੈ।
4) ਕਿੰਨੂ ਦੇ ਪੌਦੇ ਲਗਾ ਰਹੀ ਹੈ।

11. ਭਾਰਤ ਵਿੱਚ ਹੇਠਾਂ ਲਿਖੇ ਸੁਧਾਰਾਂ ਵਿੱਚੋਂ ਕਿਹੜਾ ਸੁਧਾਰ ਅੰਗਰੇਜ਼ੀ ਸ਼ਾਸਨ ਕਾਲ ਦੌਰਾਨ ਨਹੀਂ ਹੋਇਆ?

1) ਸਤੀ ਪ੍ਰਥਾ ਤੇ ਰੋਕ
2) ਰੇਲਵੇ ਦੀ ਸਥਾਪਨਾ
3) ਬੁਢਾਪਾ ਪੈਨਸ਼ਨ
4) ਕਾਲਜਾਂ ਦੀ ਸਥਾਪਨਾ

12. ਭਾਰਤ ਵਿੱਚ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਅਧੀਨ ਹੇਠ ਲਿਖਿਆਂ ਵਿੱਚੋਂ ਕਿਹੜੇ ਸ਼ਹਿਰ ਦਾ ਉੱਥਾਨ ਨਹੀਂ ਹੋਇਆ?

1) ਮਦਰਾਸ
2) ਮੁੰਬਈ
3) ਚੰਡੀਗੜ੍ਹ
4) ਕਲਕੱਤਾ

13. ਭਾਰਤ ਵਿੱਚ ਕਾਨੂੰਨ ਬਣਾਉਣ, ਕਾਨੂੰਨ ਲਾਗੂ ਕਰਨ ਅਤੇ ਨਿਆਂ ਕਰਨ ਵਾਲੀਆਂ ਸੰਸਥਾਵਾਂ ਨੂੰ ਪ੍ਰਸ਼ਨ ਵਿੱਚ ਲਿਖੇ ਕ੍ਰਮ ਅਨੁਸਾਰ ਚੁਣੋ।

1) ਕਾਰਜਪਾਲਿਕਾ, ਨਿਆਂ ਪਾਲਿਕਾ, ਵਿਧਾਨ ਪਾਲਿਕਾ
2) ਵਿਧਾਨ ਪਾਲਿਕਾ, ਕਾਰਜਪਾਲਿਕਾ, ਨਿਆਂ ਪਾਲਿਕਾ
3) ਨਿਆਂ ਪਾਲਿਕਾ, ਵਿਧਾਨ ਪਾਲਿਕਾ, ਕਾਰਜਪਾਲਿਕਾ
4) ਉਪਰੋਕਤ ਵਿੱਚੋ ਕੋਈ ਨਹੀਂ

14. ਮੌਲਿਕ ਅਧਿਕਾਰ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਹਨ?

1) ਪਹਿਲਾ ਭਾਗ
2) ਦੂਜਾ ਭਾਗ
3) ਤੀਜਾ ਭਾਗ
4) ਚੌਥਾ ਭਾਗ

15. ਹੇਠਾਂ ਦਿੱਤੀ ਸਾਰਣੀ ਦਾ ਅਧਿਐਨ ਕਰੋ

| ਰਾਜ ਦਾ ਨਾਂ | ਜਨਸੰਖਿਆ (ਲੱਖ ਵਿੱਚ) ਲਗਭਗ |
|---|---|
| ਪੰਜਾਬ | 277.0 |
| ਗੁਜਰਾਤ | 603.8 |
| ਰਾਜਸਥਾਨ | 686.2 |
| ਉੱਤਰ ਪ੍ਰਦੇਸ਼ | 1995.8 |







1) ਸੀਰੀਜ਼ 1 ਸਹੀ ਹੈ।
2) ਸੀਰੀਜ਼ 2 ਸਹੀ ਹੈ।
3) ਦੋਨੋਂ ਸੀਰੀਜ਼ ਗਲਤ ਹਨ।
4) ਦੋਨੋਂ ਸੀਰੀਜ਼ ਸਹੀ ਹਨ।